WHITE CROW PUBLISHERS

# ਇਜ਼ਰਾਈਲ ਫ਼ਲਸਤੀਨ ਸੰਘਰਸ਼

## (ਇੱਕ ਇਤਿਹਾਸਿਕ ਝਾਤ)



ਡਾ. ਅਜ਼ੀਜ਼ੁਰ ਰਹਿਮਾਨ ਆਜ਼ਮੀ

ਅਨੁਵਾਦ : ਹਰਜੋਤ ਸੰਪਾਦਕ : ਕਿੰਦ ਨਾਹਲ

# ਇਜ਼ਰਾਈਲ ਫ਼ਲਸਤੀਨ ਸੰਘਰਸ਼

## (ਇੱਕ ਇਤਿਹਾਸਿਕ ਝਾਤ)

**ਡਾ. ਅਜ਼ੀਜ਼ੁਰ ਰਹਿਮਾਨ ਆਜ਼ਮੀ**

ਅਨੁਵਾਦ

**ਹਰਜੋਤ**

ਸੰਪਦਾਕ

**ਕਿੰਦ ਨਾਹਲ**

# ਤਤਕਰਾ

ਮੁੱਖਬੰਧ 4

ਭੂਮਿਕਾ 13

## ਭਾਗ - ੳ

ਆਰੰਭ 20

ਫ਼ਲਸਤੀਨ ਦਾ ਇਤਿਹਾਸ ਅਤੇ ਦਾਅਵੇ 46

ਬ੍ਰਿਟਿਸ਼ ਫ਼ਰਮਾਨ ਅਤੇ ਫ਼ਲਸਤੀਨੀ ਸਮੱਸਿਆ ਦੀ ਸ਼ੁਰੂਆਤ 77

ਸੰਯੁਕਤ ਰਾਸ਼ਟਰ ਵੰਡ 1947 ਤੇ ਅਰਬ-ਇਜ਼ਰਾਈਲ ਯੁੱਧ 109

ਅੱਜ ਦਾ ਫ਼ਲਸਤੀਨ 141

ਇਜ਼ਰਾਈਲ ਅੱਜ-ਕੱਲ੍ਹ 171

## ਭਾਗ - ਅ

ਇਜ਼ਰਾਈਲ-ਫ਼ਲਸਤੀਨ ਸੰਘਰਸ਼ ਬਾਰੇ ਤੁਸੀਂ ਕੀ ਜਾਣਦੇ ਹੋ ? ਸੰਖੇਪ ਇਤਿਹਾਸ... 203

ਇਜ਼ਰਾਈਲ ਦੀ ਵੇਦੀ 'ਤੇ ਇੱਕ ਸੰਸਾਰ ਦਾ ਬਲੀਦਾਨ 229

ਪੱਛਮ ਏਸ਼ੀਆ ਸੰਕਟ : ਬ੍ਰਿਟਿਸ਼ ਬਸਤੀਵਾਦ ਅਤੇ ਅਮਰੀਕੀ ਸਾਮਰਾਜਵਾਦ ਦੇ ਸ਼ਿਕਾਰ ਫ਼ਲਸਤੀਨੀ 240

ਸਹਾਇਕ ਪੁਸਤਕ-ਸੂਚੀ 252

# ਮੁੱਖਬੰਧ

1967 ਤੋਂ ਹੀ ਫ਼ਲਸਤੀਨ ਖੇਤਰ (occupied territory) ਇਜ਼ਰਾਈਲ ਦੇ ਸੈਨਿਕ ਨਿਯੰਤਰਨ ਵਿੱਚ ਰਿਹਾ ਹੈ । ਆਧੁਨਿਕ ਇਤਿਹਾਸ ਵਿੱਚ ਇੰਨੇ ਲੰਮੇ ਸਮੇਂ ਤੱਕ ਕਿਸੇ ਖੇਤਰ ਨੂੰ ਸੈਨਿਕ ਨਿਯੰਤਰਨ ਵਿੱਚ ਬਣਾਈਂ ਰੱਖਣ ਦੀ ਇਹ ਪਹਿਲੀ ਉਦਾਹਰਨ ਹੈ । ਇਸ ਕਬਜ਼ੇ ਵਾਲੇ ਖੇਤਰਾਂ ਵਿੱਚ ਗ਼ਾਜ਼ਾ, ਵੈਸਟ ਬੈਂਕ ਅਤੇ ਪੂਰਬੀ ਯੇਰੁਸ਼ਲਮ ਸ਼ਾਮਲ ਹਨ । ਗ਼ਾਜ਼ਾ ਪੱਟੀ ਇੱਕ ਛੋਟਾ ਜਿਹਾ ਤੱਟੀ ਖੇਤਰ ਹੈ ਜੋ ਮਿਸਰ ਦੀ ਦੱਖਣੀ ਸੀਮਾ ਨਾਲ ਲੱਗਦਾ ਹੈ ਅਤੇ ਇਸ ਖੇਤਰ ਵਿੱਚ ਲਗਭਗ ਵੀਹ ਲੱਖ ਫ਼ਲਸਤੀਨੀਆਂ ਦਾ ਨਿਵਾਸ ਹੈ । ਵੈਸਟ ਬੈਂਕ ਗੁਰਦੇ ਦੀਆਂ ਫਲੀਆਂ ਦੇ ਅਕਾਰ ਦਾ ਖੇਤਰ ਹੈ । ਇਹ ਜਾਰਡਨ ਨਦੀ ਦੇ ਤੱਟ ਦੇ ਪੱਛਮ ਵਿੱਚ ਸਥਿਤ ਹੈ, ਜਿਸ ਕਰਕੇ ਇਸਨੂੰ ਵੈਸਟ ਬੈਂਕ ਜਾਂ ਪੱਛਮੀ ਕਿਨਾਰਾ ਕਿਹਾ ਜਾਂਦਾ ਹੈ ।

ਪੂਰਬੀ ਯੇਰੁਸ਼ਲਮ 1949 ਦੀ ਗ੍ਰੀਨ ਲਾਈਨ ਦੇ ਫ਼ਲਸਤੀਨ ਦੇ ਕਿਨਾਰੇ ਉੱਤੇ ਸਥਿਤ ਹੈ । 30 ਲੱਖ ਫ਼ਲਸਤੀਨੀ ਵੈਸਟ ਬੈਂਕ ਅਤੇ ਪੂਰਬੀ ਯੇਰੁਸ਼ਲਮ ਵਿੱਚ ਰਹਿੰਦੇ ਹਨ ।

ਪਹਿਲੇ ਵਿਸ਼ਵ ਯੁੱਧ ਦੌਰਾਨ ਬ੍ਰਿਟੇਨ ਨੇ ਮੱਧ ਪੂਰਬ ਵਿੱਚ ਵੱਖ-ਵੱਖ ਸਮੂਹਾਂ ਦਾ ਸਮਰਥਨ ਹਾਸਲ ਕਰਨ ਲਈ ਕਈ ਪਰਸਪਰ ਵਿਰੋਧੀ ਸਮਝੌਤੇ ਕੀਤੇ । ਜਿਸ ਵਿੱਚ ਸਭ ਤੋਂ ਪ੍ਰਮੁੱਖ ਬਾਲਫੋਰ ਘੋਸ਼ਣਾ ਪੱਤਰ ਹੈ । ਇਹ ਇੱਕ ਜਨਤਕ ਪ੍ਰਤਿਗਿਆ ਸੀ ਜੋ ਯਹੂਦੀ ਲੋਕਾਂ ਲਈ ਫ਼ਲਸਤੀਨ ਵਿੱਚ ਇੱਕ ਰਾਸ਼ਟਰੀ ਆਵਾਸ ਦੀ ਸਥਾਪਨਾ ਦਾ ਵਾਅਦਾ ਕਰਦੀ ਸੀ । 31 ਅਕਤੂਬਰ, 1917 ਨੂੰ ਬ੍ਰਿਟਿਸ਼ ਫ਼ੌਜਾਂ ਨੇ ਫ਼ਲਸਤੀਨ ਨੂੰ ਓਟੋਮਨ ਤੁਰਕਾਂ ਤੋਂ ਜਿੱਤ ਲਿਆ, ਇਸਦੇ ਨਾਲ ਹੀ ਇਸ ਖੇਤਰ ਉੱਤੇ 1,400 ਸਾਲਾਂ ਤੋਂ ਚੱਲੇ ਆ ਰਹੇ ਇਸਲਾਮੀ ਸ਼ਾਸਨ ਦਾ ਅੰਤ ਹੋ ਗਿਆ । 1920 ਤੋਂ ਇੰਗਲੈਂਡ ਨੇ ਫ਼ਲਸਤੀਨ ਉੱਤੇ ਆਪਣਾ 28 ਸਾਲ ਦਾ ਸ਼ਾਸਨ ਸ਼ੁਰੂ ਕੀਤਾ ।